ਆਇਰਲੈਂਡ

An Roinn Dlí agus Cirt,
Gnóthaí Baile agus Imirce
Department of Justice,
Home Affairs and Migration

EUROPEAN UNION
AGENCY FOR ASYLUM

# ਅਸਾਇਲਮ ਲਈ ਅਰਜ਼ੀ ਦੇਣ ਬਾਰੇ ਤੁਹਾਨੂੰ ਕੀ ਜਾਣਨਾ ਜ਼ਰੂਰੀ ਹੈ

## ਇੱਕਲੇ ਰਹਿਣ ਵਾਲੇ ਬੱਚਿਆਂ ਲਈ ਜਾਣਕਾਰੀ



ਹੈਲੋ, ਅਸੀਂ ਵੱਖ-ਵੱਖ ਦੇਸ਼ਾਂ ਦੇ ਬੱਚੇ ਹਾਂ। ਅਸੀਂ ਪ੍ਰੋਟੈਕਸ਼ਨ ਲਈ ਆਇਰਲੈਂਡ ਪਹੁੰਚਣ ਤੋਂ ਪਹਿਲਾਂ ਬਹੁਤ ਲੰਮਾ ਸਫ਼ਰ ਕੀਤਾ। ਜਦੋਂ ਅਸੀਂ ਪਹੁੰਚੇ ਤਾਂ ਸਾਡੇ ਮਾਪੇ ਸਾਡੇ ਨਾਲ ਨਹੀਂ ਸਨ।





ਹੈਲੋ। ਮੇਰਾ ਨਾਮ ਲੀਜ਼ਾ ਹੈ। ਮੈਂ ਦੱਸਾਂਗੀ ਕਿ ਤੁਹਾਨੂੰ ਅਸਾਇਲਮ (ਜਿਸਨੂੰ ਅੰਤਰਰਾਸ਼ਟਰੀ ਸੁਰੱਖਿਆ ਵੀ ਕਿਹਾ ਜਾਂਦਾ ਹੈ) ਅਰਜ਼ੀ ਜਮ੍ਹਾਂ ਕਰਨ ਬਾਰੇ ਕੀ ਪਤਾ ਹੋਣਾ ਚਾਹੀਦਾ ਹੈ।

# ਅੰਤਰਰਾਸ਼ਟਰੀ ਸੁਰੱਖਿਆ ਕੀ ਹੈ?







ਜੇਕਰ ਕੋਈ ਵਿਅਕਤੀ ਆਪਣੇ ਦੇਸ਼ ਵਾਪਸ ਨਹੀਂ ਆ ਸਕਦਾ ਕਿਉਂਕਿ ਉਸ ਨੂੰ ਉੱਥੇ ਖ਼ਤਰਾ ਹੈ, ਤਾਂ ਉਹ ਅੰਤਰਰਾਸ਼ਟਰੀ ਸੁਰੱਖਿਆ ਪ੍ਰਾਪਤ ਕਰ ਸਕਦਾ ਹੈ ਅਤੇ ਉਸ ਦੇਸ਼ ਵਿੱਚ ਸੁਰੱਖਿਅਤ ਰਹਿ ਸਕਦਾ ਹੈ ਜਿਸਨੇ ਉਸਨੂੰ ਇਹ ਸੁਰੱਖਿਆ ਪ੍ਰਦਾਨ ਕੀਤੀ ਹੈ।

ਤੁਹਾਡਾ ਪ੍ਰਤੀਨਿਧੀ ਤੁਹਾਨੂੰ ਹੋਰ ਸਮਝਾਏਗਾ ਕਿ ਅੰਤਰਰਾਸ਼ਟਰੀ ਸੁਰੱਖਿਆ ਕੌਣ ਪ੍ਰਾਪਤ ਕਰ ਸਕਦਾ ਹੈ ਅਤੇ ਇਸ ਦੀ ਪ੍ਰਕਿਰਿਆ ਕੀ ਹੈ।

ਯੂਰਪ ਵਿੱਚ, ਅੰਤਰਰਾਸ਼ਟਰੀ ਸੁਰੱਖਿਆ ਨੂੰ ਅਸਾਇਲਮ, ਸ਼ਰਨਾਰਥੀ ਸਥਿਤੀ ਜਾਂ ਸਹਾਇਕ ਸੁਰੱਖਿਆ ਵੀ ਕਿਹਾ ਜਾ ਸਕਦਾ ਹੈ। ਤੁਸੀਂ ਪਹਿਲਾਂ ਹੀ ਅਸਾਇਲਮ ਸ਼ਬਦ ਸੁਣਿਆ ਹੋ ਸਕਦਾ ਹੈ। ਮੈਂ ਅੰਤਰਰਾਸ਼ਟਰੀ ਸੁਰੱਖਿਆ ਬਾਰੇ ਗੱਲ ਕਰਦੇ ਸਮੇਂ ਅਸਾਇਲਮ ਸ਼ਬਦ ਦੀ ਵਰਤੋਂ ਕਰਾਂਗਾ ਕਿਉਂਕਿ ਇਹ ਤੁਹਾਨੂੰ ਯਾਦ ਰੱਖਣਾ ਆਸਾਨ ਹੈ।

## ਯਾਦ ਰੱਖੋ, ਤੁਸੀਂ ਹੁਣ ਸੁਰੱਖਿਅਤ ਹੋ।

ਯੂਰਪ ਵਿੱਚ ਹਰ ਕਿਸੇ ਨਾਲ ਬਰਾਬਰ ਵਿਵਹਾਰ ਕੀਤਾ ਜਾਂਦਾ ਹੈ ਭਾਵੇਂ ਉਹ ਕਿੱਥੋਂ ਆਏ ਹੋਣ, ਉਨ੍ਹਾਂ ਦਾ ਧਰਮ ਕੋਈ ਵੀ ਹੋਣ ਜਾਂ ਉਨ੍ਹਾਂ ਦੀ ਚਮੜੀ ਦਾ ਰੰਗ ਕੋਈ ਵੀ ਹੋਣ।





ਯੂਰਪ ਵਿੱਚ, 18 ਸਾਲ ਤੋਂ ਘੱਟ ਉਮਰ ਦੇ ਹਰ ਵਿਅਕਤੀ ਨੂੰ ਬੱਚਾ ਮੰਨਿਆ ਜਾਂਦਾ ਹੈ।

ਇੱਕ ਬੱਚੇ ਦੇ ਰੂਪ ਵਿੱਚ ਤੁਹਾਨੂੰ ਵਿਸ਼ੇਸ਼ ਅਧਿਕਾਰ ਪ੍ਰਾਪਤ ਹਨ। ਤੁਹਾਡੀ ਸੁਰੱਖਿਆ ਅਤੇ ਤੰਦਰੁਸਤੀ ਬਹੁਤ ਮਹੱਤਵਪੂਰਨ ਹੈ।



ਤੁਸੀਂ ਵੱਖ-ਵੱਖ ਅਫ਼ਸਰਾਂ, ਜਿਵੇਂ ਕਿ ਅਸਾਇਲਮ ਅਥਾਰਿਟੀਆਂ ਸਟਾਫ, ਜਿਵੇਂ ਕਿ ਇੱਥੇ ਦਿਖਾਇਆ ਗਿਆ ਹੈ, ਨੂੰ ਮਿਲੋਗੇ। ਉਹ ਤੁਹਾਨੂੰ ਤੁਹਾਡੇ ਅਤੇ ਯੂਰਪ ਦੀ ਤੁਹਾਡੀ ਯਾਤਰਾ ਬਾਰੇ ਸਵਾਲ ਪੁੱਛਣਗੇ।

ਯਾਦ ਰੱਖੋ, ਅਫ਼ਸਰ ਤੁਹਾਡੀ ਰੱਖਿਆ ਕਰਨ ਅਤੇ ਇਹ ਫੈਸਲਾ ਕਰਨ ਲਈ ਇੱਥੇ ਹਨ ਕਿ ਤੁਹਾਡੇ ਲਈ ਸਭ ਤੋਂ ਵਧੀਆ ਕੀ ਹੈ।

ਤੁਸੀਂ ਹਮੇਸ਼ਾ ਅਫ਼ਸਰਾਂ ਨਾਲ ਸਾਂਝਾ ਕਰ ਸਕਦੇ ਹੋ ਕਿ ਤੁਸੀਂ ਕੀ ਸੋਚਦੇ ਹੋ, ਤੁਹਾਨੂੰ ਕੀ ਚਾਹੀਦਾ ਹੈ ਅਤੇ ਤੁਸੀਂ ਕਿਵੇਂ ਮਹਿਸੂਸ ਕਰਦੇ ਹੋ।



# ਪ੍ਰਤੀਨਿਧੀ ਕੌਣ ਹੁੰਦਾ ਹੈ?





ਕਿਉਂਕਿ ਤੁਸੀਂ ਇੱਥੇ ਆਪਣੇ ਮਾਪਿਆਂ ਤੋਂ ਬਿਨਾਂ ਆਏ ਹੋ, ਅਫ਼ਸਰ ਤੁਹਾਨੂੰ ਇੱਕ ਬਾਲਗ ਜਿਸਨੂੰ ਪ੍ਰਤੀਨਿਧੀ ਕਿਹਾ ਜਾਂਦਾ ਹੈ ਨਿਯੁਕਤ ਕਰਨਗੇ ਜੋ ਤੁਹਾਡੀ ਮਦਦ ਕਰੇਗਾ।

ਪ੍ਰਤੀਨਿਧੀ ਉਹ ਵਿਅਕਤੀ ਹੁੰਦਾ ਹੈ ਜੋ ਉਨ੍ਹਾਂ ਬੱਚਿਆਂ ਦੀ ਸਹਾਇਤਾ ਕਰਦਾ ਹੈ ਜੋ ਯੂਰਪ ਵਿੱਚ ਆਪਣੇ ਮਾਪਿਆਂ ਜਾਂ ਉਨ੍ਹਾਂ ਲਈ ਜ਼ਿੰਮੇਵਾਰ ਕਿਸੇ ਹੋਰ ਬਾਲਗ ਤੋਂ ਬਿਨਾਂ ਪਹੁੰਚਦੇ ਹਨ।

ਇੱਕ ਪ੍ਰਤੀਨਿਧੀ ਕੋਈ ਆਦਮੀ ਜਾਂ ਔਰਤ ਹੋ ਸਕਦਾ ਹੈ। ਪ੍ਰਤੀਨਿਧੀ ਨੂੰ ਸਰਪ੍ਰਸਤਾਂ ਵੀ ਕਿਹਾ ਜਾ ਸਕਦਾ ਹੈ।

ਜੇਕਰ ਤੁਸੀਂ ਅਜੇ ਤੱਕ ਆਪਣੇ ਪ੍ਰਤੀਨਿਧੀ ਨੂੰ ਨਹੀਂ ਮਿਲੇ ਹੋ, ਤਾਂ ਤੁਸੀਂ ਉਨ੍ਹਾਂ ਨੂੰ ਜਿੰਨੀ ਜਲਦੀ ਹੋ ਸਕੇ ਮਿਲੋਗੇ।

ਕਦੇ ਕਦਾਈ, ਅਥਾਰਿਟੀਆਂ ਪਹਿਲਾਂ ਤੁਹਾਨੂੰ ਸਹਾਇਤਾ ਲਈ ਅਸਥਾਈ ਪ੍ਰਤੀਨਿਧੀ ਨਿਯੁਕਤ ਕਰ ਸਕਦੇ ਹਨ ਜਦੋਂ ਤੱਕ ਤੁਸੀਂ ਆਪਣੇ ਸਥਾਈ ਪ੍ਰਤੀਨਿਧੀ ਨੂੰ ਨਹੀਂ ਮਿਲਦੇ।





ਪ੍ਰਤੀਨਿਧੀ ਤੁਹਾਡੇ ਠਹਿਰਨ ਬਾਰੇ ਤੁਹਾਨੂੰ ਜਾਣਨ ਲਈ ਲੋੜੀਂਦੀ ਹਰ ਚੀਜ਼ ਨੂੰ ਸਮਝਾਉਣ ਅਤੇ ਮਹੱਤਵਪੂਰਨ ਫੈਸਲੇ ਲੈਣ ਵਿੱਚ ਤੁਹਾਡੀ ਮਦਦ ਕਰਨ ਲਈ ਮੌਜੂਦ ਹੈ। ਉਦਾਹਰਣ ਵਜੋਂ, ਇੱਕ ਪ੍ਰਤੀਨਿਧੀ ਤੁਹਾਡੀ ਸ਼ਰਣ ਅਰਜ਼ੀ ਵਿੱਚ ਤੁਹਾਡੀ ਸਹਾਇਤਾ ਕਰੇਗਾ, ਪ੍ਰਕਿਰਿਆਵਾਂ ਦੀ ਵਿਆਖਿਆ ਕਰੇਗਾ, ਤੁਹਾਡੇ ਅਧਿਕਾਰਾਂ ਅਤੇ ਜ਼ਿੰਮੇਵਾਰੀਆਂ ਦੀ ਵਿਆਖਿਆ ਕਰੇਗਾ ਅਤੇ ਅਥਾਰਿਟੀਆਂ ਨਾਲ ਮੀਟਿੰਗਾਂ ਵਿੱਚ ਤੁਹਾਡੇ ਨਾਲ ਹਿੱਸਾ ਲਵੇਗਾ।

ਤੁਸੀਂ ਹਮੇਸ਼ਾ ਪ੍ਰਤੀਨਿਧੀ ਨੂੰ ਆਪਣੀ ਰਾਏ ਦੱਸ ਸਕਦੇ ਹੋ, ਉਨ੍ਹਾਂ ਨੂੰ ਸਵਾਲ ਪੁੱਛ ਸਕਦੇ ਹੋ ਅਤੇ ਜੇਕਰ ਤੁਹਾਨੂੰ ਕਿਸੇ ਚੀਜ਼ ਦੀ ਲੋੜ ਹੈ ਤਾਂ ਉਨ੍ਹਾਂ ਨੂੰ ਇਸ ਬਾਰੇ ਦੱਸ ਸਕਦੇ ਹੋ। ਉਹ ਤੁਹਾਡੀ ਸਹਾਇਤਾ ਲਈ ਮੌਜੂਦ ਹਨ।



ਜੇਕਰ ਤੁਹਾਨੂੰ ਆਪਣੇ ਪ੍ਰਤੀਨਿਧੀ ਨਾਲ ਕੋਈ ਸਮੱਸਿਆ ਹੈ, ਤਾਂ ਅਥਾਰਿਟੀਆਂ ਨੂੰ ਦੱਸੋ। ਇਹ ਤੁਹਾਡੀ ਅਸਾਇਲਮ ਅਰਜ਼ੀ ਨੂੰ ਨਕਾਰਾਤਮਕ ਤੌਰ 'ਤੇ ਪ੍ਰਭਾਵਿਤ ਨਹੀਂ ਕਰੇਗਾ।



# ਇਸ ਪ੍ਰਕਿਰਿਆ ਦੌਰਾਨ ਤੁਹਾਡੀ ਕਿਹੜੀ ਮਦਦ ਕੀਤੀ ਜਾਵੇਗੀ?





ਰਹਿਣ ਲਈ ਇੱਕ ਸੁਰੱਖਿਅਤ ਸਥਾਨ



ਕੱਪੜੇ



ਹੋਰ ਚੀਜ਼ਾਂ ਜਿਨ੍ਹਾਂ ਦੀ ਤੁਹਾਨੂੰ ਲੋੜ ਹੋ ਸਕਦੀ ਹੈ



ਭੋਜਨ



ਤੁਸੀਂ ਡਾਕਟਰ ਨੂੰ ਮਿਲ ਸਕਦੇ ਹੋ



ਤੁਸੀਂ ਸਕੂਲ ਜਾਓਗੇ



ਤੁਸੀਂ ਇੱਕ ਅਜਿਹੀ ਜਗ੍ਹਾ 'ਤੇ ਰਹੋਗੇ ਜੋ ਤੁਹਾਡੇ ਲਈ ਚੰਗੀ ਹੈ ਅਤੇ ਤੁਹਾਡੀ ਉਮਰ ਦੇ ਆਧਾਰ 'ਤੇ ਤੁਹਾਨੂੰ ਲੋੜੀਂਦੀ ਮਦਦ ਕੀਤੀ ਜਾਵੇਗੀ

# ਮੈਂ ਅਸਾਇਲਮ ਲਈ ਅਰਜ਼ੀ ਦਿੱਤੀ ਹੈ, ਹੁਣ ਕੀ ਹੋਵੇਗਾ?






**ਸਭ ਤੋਂ ਪਹਿਲਾਂ ਤੁਹਾਡੀ ਅਰਜ਼ੀ ਰਜਿਸਟਰ ਕੀਤੀ ਜਾਏਗੀ ਅਤੇ ਫਿਰ ਦਾਇਰ (ਲੋਡਜ) ਕੀਤੀ ਜਾਏਗੀ।**

ਤੁਹਾਡੇ ਦੁਆਰਾ ਪਨਾਹ ਮੰਗਣ ਤੋਂ 10 ਦਿਨਾਂ ਦੇ ਅੰਦਰ, ਤੁਹਾਡੀ ਅਰਜ਼ੀ ਉਸੇ ਦਿਨ ਰਜਿਸਟਰ ਕੀਤੀ ਜਾਵੇਗੀ ਅਤੇ ਦਰਜ ਕੀਤੀ ਜਾਵੇਗੀ।

ਫਿਰ ਤੁਹਾਨੂੰ ਰਜਿਸਟ੍ਰੇਸ਼ਨ ਦੇ 21 ਦਿਨਾਂ ਦੇ ਅੰਦਰ ਆਪਣੀ ਅਰਜ਼ੀ ਦਰਜ ਕਰਨੀ ਪਵੇਗੀ।

ਤੁਹਾਡਾ ਪ੍ਰਤੀਨਿਧੀ ਤਾਰੀਖ/ਤਾਰੀਖਾਂ ਅਤੇ ਸਮਾਂ/ਸਮੇਬਾਰੇ ਸੂਚਿਤ ਕਰਨਗੇ ਅਤੇ ਤੁਹਾਡਾ ਪ੍ਰਤੀਨਿਧੀ ਤੁਹਾਡੇ ਨਾਲ ਅਥਾਰਿਟੀਆਂ ਕੋਲ ਜਾਵੇਗਾ।

ਤੁਹਾਡਾ ਪ੍ਰਤੀਨਿਧੀ ਪ੍ਰਕਿਰਿਆ ਦੌਰਾਨ ਤੁਹਾਡੇ ਨਾਲ ਰਹੇਗਾ।



# ਰਜਿਸਟ੍ਰੇਸ਼ਨ ਅਤੇ ਰਿਹਾਇਸ਼ ਦੌਰਾਨ ਹੇਠ ਲਿਖੇ ਕੰਮ ਕੀਤੇ ਜਾਣਗੇ...



ਤੁਸੀਂ ਅਫ਼ਸਰ ਨੂੰ ਆਪਣੇ ਕੋਲ ਮੌਜੂਦ ਸਾਰੇ ਪਛਾਣ ਦਸਤਾਵੇਜ਼ (ਪਾਸਪੋਰਟ, ਪਛਾਣ ਪੱਤਰ, ਆਦਿ) ਦਿਖਾਓਗੇ।



ਇਹ ਸੰਭਵ ਹੈ ਕਿ ਤੁਹਾਡੀ ਅਤੇ ਤੁਹਾਡੇ ਨਿੱਜੀ ਸਮਾਨ ਦੀ ਤਲਾਸ਼ੀ ਲਈ ਜਾਵੇਗੀ। ਅਥਾਰਿਟੀਆਂ ਤੁਹਾਡੇ ਸਮਾਨ ਨੂੰ ਥੋੜ੍ਹੇ ਸਮੇਂ ਲਈ ਰੱਖ ਸਕਦੇ ਹਨ, ਉਨ੍ਹਾਂ ਸਮਾਨ ਨੂੰ ਛੱਡ ਕੇ ਜੋ ਖ਼ਤਰਨਾਕ ਹਨ ਪਰ ਉਹ ਤੁਹਾਨੂੰ ਸਭ ਕੁਝ ਵਾਪਸ ਕਰ ਦੇਣਗੇ।



ਤੁਹਾਡੀ ਤਸਵੀਰ ਲਈ ਜਾਵੇਗੀ।



ਤੁਹਾਡੇ ਫਿੰਗਰਪ੍ਰਿੰਟ ਲਏ ਜਾਣਗੇ।



ਤੁਸੀਂ ਡਾਕਟਰ ਨੂੰ ਮਿਲ ਸਕਦੇ ਹੋ



- ਅਥਾਰਿਟੀਆਂ ਤੁਹਾਨੂੰ ਤੁਹਾਡੇ ਅਤੇ ਯੂਰਪ ਵਿੱਚ ਤੁਹਾਡੇ ਪਰਿਵਾਰ ਬਾਰੇ ਸਵਾਲ ਪੁੱਛਣਗੇ।



ਅਫ਼ਸਰ ਤੁਹਾਨੂੰ ਤੁਹਾਡੇ ਸੰਪਰਕ ਵੇਰਵੇ (ਤੁਹਾਡਾ ਪਤਾ ਅਤੇ ਫ਼ੋਨ ਨੰਬਰ) ਪ੍ਰਦਾਨ ਕਰਨ ਲਈ ਕਹੇਗਾ।



ਤੁਹਾਨੂੰ ਇਸ ਬਾਰੇ ਵਾਧੂ ਸਵਾਲ ਪੁੱਛੇ ਜਾਣਗੇ:

- ਤੁਸੀਂ ਅਤੇ ਤੁਹਾਡਾ ਪਰਿਵਾਰ
- ਤੁਹਾਡਾ ਦੇਸ਼ ਅਤੇ ਉਹ ਸਥਾਨ ਜਿੱਥੇ ਤੁਸੀਂ ਪਹਿਲਾਂ ਰਹਿੰਦੇ ਸੀ
- ਤੁਸੀਂ ਆਪਣਾ ਦੇਸ਼ ਕਿਉਂ ਛੱਡਿਆ ਸੀ ਅਤੇ ਤੁਸੀਂ ਵਾਪਸ ਕਿਉਂ ਨਹੀਂ ਜਾਣਾ ਚਾਹੁੰਦੇ ਹੋ
- ਤੁਸੀਂ ਕਿਵੇਂ ਯਾਤਰਾ ਕਰਕੇ ਆਇਰਲੈਂਡ





## ਯਾਦ ਰੱਖੋ!

ਇਹ ਬਹੁਤ ਮਹੱਤਵਪੂਰਨ ਹੈ ਕਿ ਤੁਸੀਂ ਆਪਣੇ ਪ੍ਰਤੀਨਿੱਧੀ ਨਾਲ ਗੱਲ ਕਰੋ ਅਤੇ ਅਸਾਇਲਮ ਅਥਾਰਿਟੀਆਂ ਨਾਲ ਮਿਲ ਕੇ ਕੰਮ ਕਰੋ।

ਤੁਸੀਂ ਆਪਣੇ ਪ੍ਰਤੀਨਿਧੀ ਜਾਂ ਅਥਾਰਿਟੀਆਂ ਨਾਲ ਸਾਂਝਾ ਕਰਦੇ ਹੋ, ਉਹ ਗੋਪਨੀਯ ਰਹੇਗਾ। ਇਸਦਾ ਮਤਲਬ ਹੈ ਕਿ ਤੁਸੀਂ ਜੋ ਜਾਣਕਾਰੀ ਉਨ੍ਹਾਂ ਨੂੰ ਦਿੰਦੇ ਹੋ ਉਹ ਕਦੇ ਵੀ ਤੁਹਾਡੇ ਘੱਰੇਲੂ ਦੇਸ਼ ਦੀ ਸਰਕਾਰ ਨਾਲ ਜਾਂ ਉਨ੍ਹਾਂ ਲੋਕਾਂ ਨਾਲ ਸਾਂਝੀ ਨਹੀਂ ਕੀਤੀ ਜਾਵੇਗੀ ਜਿਨ੍ਹਾਂ ਤੋਂ ਤੁਸੀਂ ਡਰਦੇ ਹੋ।



# ਕੀ ਮੈਂ ਅਸਾਇਲਮ ਪ੍ਰਕਿਰਿਆ ਦੌਰਾਨ ਆਇਰਲੈਂਡ ਵਿੱਚ ਰਹਾਂਗਾ?





ਰਜਿਸਟ੍ਰੇਸ਼ਨ ਤੋਂ ਬਾਅਦ, ਅਥਾਰਿਟੀਆਂ ਫੈਸਲਾ ਕਰਨਗੇ ਕਿ ਤੁਹਾਡੀ ਅਰਜ਼ੀ ਦੀ ਜਾਂਚ ਕਿਹੜੇ ਦੇਸ਼ ਦੁਆਰਾ ਕੀਤੀ ਜਾਵੇਗੀ। ਇਹ ਜਾਂ ਤਾਂ ਆਇਰਲੈਂਡ ਜਾਂ ਕਿਸੇ ਹੋਰ ਯੂਰਪੀਅਨ ਦੇਸ਼ ਵਿੱਚ ਕੀਤੀ ਜਾਵੇਗੀ। ਤੁਸੀਂ ਦੇਸ਼ ਦੀ ਚੋਣ ਨਹੀਂ ਕਰ ਸਕਦੇ, ਪਰ ਤੁਹਾਡੇ ਹਿੱਤਾਂ ਨੂੰ ਧਿਆਨ ਵਿੱਚ ਰੱਖਿਆ ਜਾਵੇਗਾ। ਅਥਾਰਿਟੀਆਂ ਤੁਹਾਨੂੰ ਇਹ ਸਮਝਾਉਣਗੇ।





ਇਹ ਮਹੱਤਵਪੂਰਨ ਹੈ ਕਿ ਤੁਸੀਂ ਰਜਿਸਟ੍ਰੇਸ਼ਨ ਦੌਰਾਨ ਅਥਾਰਿਟੀਆਂ ਨੂੰ ਦੱਸੋ:

- ਜੇਕਰ ਤੁਹਾਡਾ ਪਰਿਵਾਰ ਕਿਸੇ ਹੋਰ ਯੂਰਪੀ ਦੇਸ਼ ਵਿੱਚ ਹੈ
- ਜੇਕਰ ਤੁਸੀਂ ਪਹਿਲਾਂ ਕਿਸੇ ਹੋਰ ਯੂਰਪੀ ਦੇਸ਼ ਵਿੱਚ ਅਸਾਇਲਮ ਦੀ ਮੰਗ ਕੀਤੀ ਹੈ।

ਜੇਕਰ ਤੁਹਾਡਾ ਪਰਿਵਾਰ ਯੂਰਪ ਵਿੱਚ ਹੈ, ਤਾਂ ਅਥਾਰਿਟੀਆਂ ਨੂੰ ਆਪਣੇ ਪਰਿਵਾਰ ਬਾਰੇ ਉਹ ਸਭ ਕੁਝ ਦੱਸਣਾ ਮਹੱਤਵਪੂਰਨ ਹੈ ਜੋ ਤੁਸੀਂ ਜਾਣਦੇ ਹੋ। ਇਹ ਸੰਭਵ ਹੈ ਕਿ ਤੁਸੀਂ ਉਨ੍ਹਾਂ ਨਾਲ ਇੱਸ ਦੇਸ਼ ਵਿੱਚ ਜਾਂ ਉਸ ਦੇਸ਼ ਵਿੱਚ ਰਹਿ ਸਕਦੇ ਹੋ ਜਿੱਥੇ ਉਹ ਰਹਿ ਰਹੇ ਹਨ।

ਜੇਕਰ ਤੁਹਾਨੂੰ ਨਹੀਂ ਪਤਾ ਕਿ ਤੁਹਾਡਾ ਪਰਿਵਾਰ ਕਿੱਥੇ ਹੈ, ਜਾਂ ਤੁਹਾਡਾ ਉਨ੍ਹਾਂ ਨਾਲ ਸੰਪਰਕ ਟੁੱਟ ਗਿਆ ਹੈ, ਤਾਂ ਤੁਸੀਂ ਆਪਣੇ ਪਰਿਵਾਰ ਨੂੰ ਲੱਭਣ ਲਈ ਆਪਣੇ ਪ੍ਰਤੀਨਿਧੀ ਤੋਂ ਮਦਦ ਮੰਗ ਸਕਦੇ ਹੋ।



# ਰਜਿਸਟ੍ਰੇਸ਼ਨ ਅਤੇ ਰਿਹਾਇਸ਼ ਤੋਂ ਬਾਅਦ ਕੀ ਹੋਵੇਗਾ?





ਰਜਿਸਟ੍ਰੇਸ਼ਨ ਤੋਂ ਬਾਅਦ, ਤੁਹਾਨੂੰ ਇੱਕ (ਅਸਥਾਈ) ਦਸਤਾਵੇਜ਼ ਦਿੱਤਾ ਜਾਵੇਗਾ, ਜਿਸ ਵਿੱਚ ਦਰਸਾਇਆ ਜਾਵੇਗਾ ਕਿ ਤੁਸੀਂ ਆਪਣੀ ਅਰਜ਼ੀ ਦਿੱਤੀ ਅਤੇ ਉਸ ਦੀ ਰਜਿਸਟ੍ਰੇਸ਼ਨ ਹੋ ਗਈ ਹੈ।ਆਪਣੀ ਅਰਜ਼ੀ ਜਮ੍ਹਾਂ ਕਰਵਾਉਣ ਤੋਂ ਬਾਅਦ, ਤੁਹਾਨੂੰ ਅੰਤਰਰਾਸ਼ਟਰੀ ਸੁਰੱਖਿਆ ਲਈ ਬਿਨੈਕਾਰ ਦਾ ਸਰਟੀਫਿਕੇਟ (International Protection Applicant Certificate) ਨਾਮਕ ਇੱਕ ਡਿਜੀਟਲ ਦਸਤਾਵੇਜ਼ ਦਿੱਤਾ ਜਾਵੇਗਾ, ਜਿਸ ਵਿੱਚ ਦਰਸਾਇਆ ਜਾਵੇਗਾ ਕਿ ਤੁਸੀਂ ਸ਼ਰਨ ਲਈ ਅਰਜ਼ੀ ਦਿੱਤੀ ਹੈ। ਇਹ ਦਸਤਾਵੇਜ਼ ਮਹੱਤਵਪੂਰਨ ਹੈ, ਇਸ ਲਈ ਇਸਨੂੰ ਸੰਭਾਲ਼ ਕੇ ਰੱਖੋ। ਜਦੋਂ ਵੀ ਤੁਸੀਂ ਉਸ ਥਾਂ ਤੋਂ ਬਾਹਰ ਜਾਓ ਜਿੱਥੇ ਤੁਸੀਂ ਰਹਿ ਰਹੇ ਹੋ, ਜਾਂ ਜਦੋਂ ਅਧਿਕਾਰੀਆਂ ਨਾਲ ਤੁਹਾਡੀ ਕੋਈ ਮੁਲਾਕਾਤ ਹੋਵੇ, ਤਾਂ ਇਸਨੂੰ ਆਪਣੇ ਨਾਲ ਰੱਖੋ। ਜੇ ਤੁਹਾਡੇ ਕੋਲ ਮੋਬਾਈਲ ਫ਼ੋਨ ਹੈ, ਤਾਂ ਤੁਸੀਂ ਇਸਨੂੰ ਆਪਣੇ ਫ਼ੋਨ ਵਿੱਚ ਸਟੋਰ ਕਰ ਸਕਦੇ ਹੋ।





# ਅਥਾਰਿਟੀਆਂ ਦੁਆਰਾ ਮੇਰੀ ਉਮਰ ਦਾ ਪਤਾ ਕਿਵੇਂ ਕੀਤਾ ਜਾਵੇਗਾ?



ਜੇਕਰ ਤੁਹਾਡੇ ਕੋਲ ਆਪਣੀ ਉਮਰ ਸਾਬਤ ਕਰਨ ਲਈ ਦਸਤਾਵੇਜ਼ ਨਹੀਂ ਹਨ ਅਤੇ ਜੇਕਰ ਅਥਾਰਿਟੀਆਂ ਨੂੰ ਤੁਹਾਡੀ ਉਮਰ ਬਾਰੇ ਸ਼ੱਕ ਹੈ, ਤਾਂ ਅਸਾਇਲਮ ਅਥਾਰਿਟੀਆਂ ਦਾ ਸਟਾਫ ਤੁਹਾਨੂੰ ਉਮਰ ਮੁਲਾਂਕਣ ਲਈ ਕਹਿ ਸਕਦਾ ਹੈ। ਇਹ ਇੱਕ ਅਜਿਹੀ ਪ੍ਰੈਕਟਿਸ ਹੈ ਜੋ ਤੁਹਾਡੀ ਉਮਰ ਦਾ ਅੰਦਾਜ਼ਾ ਲਗਾਉਣ ਵਿੱਚ ਮਦਦ ਕਰਦਾ ਹੈ।

ਤੁਹਾਡੀ ਉਮਰ ਦਾ ਅੰਦਾਜ਼ਾ ਲਗਾਉਣ ਦੇ ਵੱਖ-ਵੱਖ ਤਰੀਕੇ ਮੌਜੂਦ ਹਨ।

ਉਦਾਹਰਣ ਵਜੋਂ, ਇਹ ਤੁਹਾਡੇ ਦੁਆਰਾ ਜਮ੍ਹਾ ਕੀਤੇ ਗਏ ਦਸਤਾਵੇਜ਼ਾਂ ਜਾਂ ਅਥਾਰਿਟੀਆਂ ਜਾਂ ਵੱਖ-ਵੱਖ ਮਾਹਰਾਂ ਨਾਲ ਇੰਟਰਵਿਊਜ਼ 'ਤੇ ਅਧਾਰਤ ਹੋ ਸਕਦਾ ਹੈ। ਜੇਕਰ ਹੋਰ ਸ਼ੱਕ ਹਨ, ਤਾਂ ਤੁਹਾਨੂੰ ਡਾਕਟਰੀ ਜਾਂਚ ਕਰਵਾਉਣ ਲਈ ਕਿਹਾ ਜਾ ਸਕਦਾ ਹੈ। ਇਸ ਮਾਮਲੇ ਵਿੱਚ, ਤੁਹਾਨੂੰ ਅਤੇ ਤੁਹਾਡੇ ਪ੍ਰਤੀਨਿਧੀ ਨੂੰ ਸਹਿਮਤੀ ਦੇਣ ਲਈ ਕਿਹਾ ਜਾਵੇਗਾ।

ਜੇਕਰ ਉਮਰ ਦੇ ਮੁਲਾਂਕਣ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਤੁਸੀਂ 18 ਸਾਲ ਤੋਂ ਵੱਧ ਉਮਰ ਦੇ ਹੋ, ਤਾਂ ਤੁਹਾਨੂੰ ਬਾਲਗ ਮੰਨਿਆ ਜਾਵੇਗਾ। ਇਸ ਮਾਮਲੇ ਵਿੱਚ, ਤੁਹਾਨੂੰ ਹੋਰ ਜਾਣਕਾਰੀ ਪ੍ਰਦਾਨ ਕੀਤੀ ਜਾਵੇਗੀ।





ਜੇਕਰ ਅਥਾਰਿਟੀਆਂ ਨੂੰ ਇਹ ਪ੍ਰਭਾਵ ਹੈ ਕਿ ਕਿਸੇ ਨੇ ਤੁਹਾਨੂੰ ਨੁਕਸਾਨ ਪਹੁੰਚਾਇਆ ਹੈ, ਤਾਂ ਉਹ ਤੁਹਾਨੂੰ ਡਾਕਟਰ ਨੂੰ ਮਿਲਣ ਦਾ ਪ੍ਰਸਤਾਵ ਕਰਨਗੇ।

ਤੁਹਾਡੀ ਅਰਜ਼ੀ ਦੀ ਜਾਂਚ ਕਰਦੇ ਸਮੇਂ ਡਾਕਟਰੀ ਜਾਂਚ ਦੇ ਨਤੀਜਿਆਂ ਨੂੰ ਧਿਆਨ ਵਿੱਚ ਰੱਖਿਆ ਜਾਵੇਗਾ।



**ਤੁਹਾਡੀ ਅਰਜ਼ੀ ਦਰਜ ਕਰਨ ਤੋਂ ਬਾਅਦ, ਤੁਹਾਡੇ ਇੱਕ ਜਾਂ ਇੱਕ ਤੋਂ ਵੱਧ ਨਿੱਜੀ ਇੰਟਰਵਿਊ ਹੋ ਸਕਦੇ ਹਨ।**

ਇਸਦਾ ਮਤਲਬ ਹੈ ਕਿ ਇੱਕ ਅਫ਼ਸਰ ਤੁਹਾਨੂੰ ਤੁਹਾਡੇ ਬਾਰੇ ਹੋਰ ਸਵਾਲ ਪੁੱਛੇਗਾ, ਤੁਸੀਂ ਆਪਣਾ ਦੇਸ਼ ਕਿਉਂ ਛੱਡਿਆ ਅਤੇ ਤੁਸੀਂ ਵਾਪਸ ਕਿਉਂ ਨਹੀਂ ਆਉਣਾ ਚਾਹੁੰਦੇ। ਜੇਕਰ ਅਫ਼ਸਰ ਤੁਹਾਨੂੰ ਇੰਟਰਵਿਊ ਵਿੱਚ ਹਿੱਸਾ ਲੈਣ ਲਈ ਕਹਿੰਦੇ ਹਨ, ਤਾਂ ਤੁਹਾਨੂੰ ਇਸ ਵਿੱਚ ਸ਼ਾਮਲ ਹੋਣਾ ਚਾਹੀਦਾ ਹੈ ਅਤੇ ਉਹਨਾਂ ਨੂੰ ਉਹ ਸਭ ਕੁਝ ਦੱਸਣਾ ਚਾਹੀਦਾ ਹੈ ਜੋ ਤੁਸੀਂ ਯਾਦ ਰੱਖ ਸਕਦੇ ਹੋ। ਨਿੱਜੀ ਇੰਟਰਵਿਊ ਆਡੀਓ ਰਿਕਾਰਡ ਕੀਤਾ ਜਾਵੇਗਾ।

ਤੁਹਾਡਾ ਪ੍ਰਤੀਨਿਧੀ ਤੁਹਾਨੂੰ ਦੱਸੇਗਾ ਕਿ ਇੰਟਰਵਿਊ ਕਦੋਂ ਅਤੇ ਕਿੱਥੇ ਹੋਵੇਗੀ ਅਤੇ ਇੰਟਰਵਿਊ ਦੌਰਾਨ ਤੁਹਾਡਾ ਮਦਦ ਕਰੇਗਾ।



# ਜੇ ਮੈਨੂੰ ਅਥਾਰਿਟੀਆਂ ਦੀ ਭਾਸ਼ਾ ਸਮਝ ਨਾ ਆਵੇ ਤਾਂ ਕੀ ਹੋਵੇਗਾ?





ਜੇਕਰ ਤੁਸੀਂ ਅਫ਼ਸਰਾਂ ਦੀ ਭਾਸ਼ਾ ਨਹੀਂ ਸਮਝਦੇ, ਤਾਂ ਇੱਕ ਦੁਭਾਸ਼ੀਆ ਜੋ ਤੁਹਾਡੀ ਭਾਸ਼ਾ ਬੋਲ ਸਕਦਾ ਹੈ, ਤੁਹਾਨੂੰ ਸਮਝਣ ਵਿੱਚ ਮਦਦ ਕਰੇਗਾ।

ਦੁਭਾਸ਼ੀਆ ਦੀ ਤੁਹਾਡੇ ਕੇਸ ਵਿੱਚ ਕਹੀ ਗਈ ਗੱਲ ਦਾ ਅਨੁਵਾਦ ਕਰਨ ਤੋਂ ਇਲਾਵਾ ਕੋਈ ਹੋਰ ਭੂਮਿਕਾ ਨਹੀਂ ਹੈ। ਤੁਸੀਂ ਕੇਸ ਅਫਸਰ ਅਤੇ ਦੁਭਾਸ਼ੀਆ ਨੂੰ ਕੀ ਕਹਿੰਦੇ ਹੋ, ਉਹ ਗੋਪਨੀਏ ਰੱਖਿਆ ਜਾਵੇਗਾ।

ਤੁਹਾਨੂੰ ਕਿਸ ਨਾਲ ਵਧੇਰੇ ਆਰਾਮਦਾਇਕ ਮਹਿਸੂਸ ਹੁੰਦਾ ਹੈ, ਇਸ 'ਤੇ ਨਿਰਭਰ ਕਰਦਿਆਂ, ਤੁਸੀਂ ਆਪਣੇ ਇੰਟਰਵਿਊ ਲੈਣ ਵਾਲੇ ਜਾਂ ਦੁਭਾਸ਼ੀਆ ਨੂੰ ਇੱਕ ਔਰਤ ਜਾਂ ਇੱਕ ਆਦਮੀ ਹੋਣ ਲਈ ਕਹਿ ਸਕਦੇ ਹੋ। ਜੇਕਰ ਉਪਲਬਧ ਹੋਵੇ ਤਾਂ ਉਹ ਪ੍ਰਦਾਨ ਕੀਤੇ ਜਾਣਗੇ। ਆਪਣੇ ਪ੍ਰਤੀਨਿਧੀ ਨੂੰ ਦੱਸੋ ਕਿ ਕੀ ਤੁਸੀਂ ਇੱਕ ਔਰਤ ਜਾਂ ਇੱਕ ਆਦਮੀ ਨੂੰ ਜਿੰਨੀ ਜਲਦੀ ਹੋ ਸਕੇ ਅਤੇ ਇੰਟਰਵਿਊ ਤੋਂ ਪਹਿਲਾਂ ਪਸੰਦ ਕਰਦੇ ਹੋ।



# ਇਸ ਸਭ ਵਿੱਚ ਕਿੰਨਾ ਸਮਾਂ ਲੱਗੇਗਾ?





ਇੰਟਰਵਿਊ ਤੋਂ ਬਾਅਦ, ਤੁਹਾਡੇ ਦੁਆਰਾ ਸਮਝਾਈ ਗਈ ਹਰ ਚੀਜ਼ ਦੀ ਜਾਂਚ ਕੀਤੀ ਜਾਵੇਗੀ।

**ਰਿਹਾਇਸ਼ ਦੇ ਦਿਨ ਤੋਂ, ਤੁਹਾਨੂੰ ਆਪਣਾ ਫੈਸਲਾ ਪ੍ਰਾਪਤ ਕਰਨ ਲਈ**

**6 ਮਹੀਨੇ ਤੱਕ ਉਡੀਕ ਕਰਨੀ ਪੈ ਸਕਦੀ ਹੈ।** ਕਈ ਵਾਰ, ਇਸ ਵਿੱਚ ਜ਼ਿਆਦਾ ਸਮਾਂ ਲੱਗ ਸਕਦਾ ਹੈ, ਪਰ ਇਸ ਵਿੱਚ 21 ਮਹੀਨੇ ਤੋਂ ਵੱਧ ਸਮਾਂ ਨਹੀਂ ਲੱਗਣਾ ਚਾਹੀਦਾ। ਸਬਰ ਰੱਖੋ, ਇੰਤਜ਼ਾਰ ਮੁਸ਼ਕਲ ਹੋ ਸਕਦਾ ਹੈ। ਅਥਾਰਿਟੀਆਂ ਤੁਹਾਡੇ ਲਈ ਸਹੀ ਫੈਸਲਾ ਲੈਣਾ ਚਾਹੁੰਦੇ ਹਨ।

ਜੇਕਰ ਤੁਹਾਨੂੰ ਉਡੀਕ ਨਾਲ ਸਿੱਝਣ ਲਈ ਮਦਦ ਦੀ ਲੋੜ ਹੈ ਤਾਂ ਤੁਸੀਂ ਹਮੇਸ਼ਾ ਆਪਣੇ ਪ੍ਰਤੀਨਿਧੀ ਤੋਂ ਪੁੱਛ ਸਕਦੇ ਹੋ।



# ਮੇਰੇ ਇੱਕ ਦੋਸਤ ਨੇ ਕਿਹਾ ਕਿ ਅਥਾਰਿਟੀਆਂ ਉਸਦੀ ਅਸਾਇਲਮ ਅਰਜ਼ੀ ਦੀ ਸਮੀਖਿਆ ਨਹੀਂ ਕਰਨਗੇ। ਅਜਿਹਾ ਕਿਉਂ ਹੈ?



ਅਥਾਰਿਟੀਆਂ ਪਹਿਲਾਂ ਜਾਂਚ ਕਰਦੇ ਹਨ ਕਿ ਕੀ ਉਨ੍ਹਾਂ ਨੂੰ ਅਸਾਇਲਮ ਅਰਜ਼ੀ ਦੀ ਜਾਂਚ ਕਰਨ ਦੀ ਜ਼ਰੂਰਤ ਹੈ ਜਾਂ ਨਹੀਂ।

ਤੁਹਾਡੀ ਅਰਜ਼ੀ ਦੀ ਪੂਰੀ ਜਾਂਚ ਨਹੀਂ ਕਰ ਸਕਦੇ ਜੇਕਰ ਤੁਹਾਨੂੰ ਪਹਿਲਾਂ ਹੀ ਕਿਸੇ ਹੋਰ ਦੇਸ਼ ਵਿੱਚ ਸੁਰੱਖਿਆ ਦਿੱਤੀ ਗਈ ਹੈ ਜਾਂ ਤੁਸੀਂ ਕਿਸੇ ਅਜਿਹੇ ਦੇਸ਼ ਤੋਂ ਆਏ ਹੋ ਜਿਸਨੂੰ ਤੁਸੀਂ ਸੁਰੱਖਿਅਤ ਸਮਝਦੇ ਹੋ।



# ਮੇਰੇ ਬਾਰੇ ਕੀ ਫੈਸਲਾ ਕੀਤਾ ਜਾਵੇਗਾ?





ਅਸਾਇਲਮ ਅਥਾਰਿਟੀਆਂ ਫੈਸਲਾ ਕਰਨਗੇ ਕਿ ਕੀ ਤੁਹਾਨੂੰ ਅਸਾਇਲਮ ਦੀ ਲੋੜ ਹੈ ਜਾਂ ਤੁਹਾਡੇ ਲਈ ਹੋਰ ਵਿਕਲਪ ਹਨ।

ਫੈਸਲੇ ਬਾਰੇ ਤੁਹਾਨੂੰ ਸਮਝਾਇਆ ਜਾਵੇਗਾ।



ਜੇਕਰ ਤੁਹਾਨੂੰ ਕੋਈ ਨਕਾਰਾਤਮਕ ਫੈਸਲਾ ਮਿਲਦਾ ਹੈ ਅਤੇ ਤੁਸੀਂ ਜਾਂ ਤੁਹਾਡਾ ਪ੍ਰਤੀਨਿਧੀ ਇਸ ਨਾਲ ਅਸਹਿਮਤ ਹੋ, ਤਾਂ ਤੁਸੀਂ ਇਸਨੂੰ ਚੁਣੌਤੀ ਦੇ ਸਕਦੇ ਹੋ। ਇਸਨੂੰ ਅਪੀਲ ਕਿਹਾ ਜਾਂਦਾ ਹੈ।





# ਮੈਂ ਅਸਾਇਲਮ ਪ੍ਰਕਿਰਿਆ ਬਾਰੇ ਹੋਰ ਜਾਣਕਾਰੀ ਕਿਵੇਂ ਪ੍ਰਾਪਤ ਕਰ ਸਕਦਾ ਹਾਂ?





ਤੁਹਾਡੇ ਪ੍ਰਤੀਨਿਧੀ ਤੋਂ ਇਲਾਵਾ, ਕਾਨੂੰਨੀ ਸਲਾਹਕਾਰ ਵੀ ਹਨ ਜੋ ਤੁਹਾਨੂੰ ਅਸਾਇਲਮ ਪ੍ਰਕਿਰਿਆ, ਤੁਹਾਡੇ ਅਧਿਕਾਰਾਂ ਅਤੇ ਤੁਹਾਡੇ ਫਰਜ਼ਾਂ ਬਾਰੇ ਸਮਝਾ ਸਕਦੇ ਹਨ।

ਆਪਣੇ ਪ੍ਰਤੀਨਿਧੀ ਨੂੰ ਪੁੱਛੋ ਕਿ ਉਨ੍ਹਾਂ ਨਾਲ ਕਿਵੇਂ ਸੰਪਰਕ ਕਰਨਾ ਹੈ।



ਜੇ ਤੁਸੀਂ ਚਾਹੁੰਦੇ ਹੋ ਕਿ ਕੋਈ ਵਕੀਲ ਤੁਹਾਡੀ ਮਦਦ ਕਰੇ, ਤਾਂ ਆਪਣੇ ਪ੍ਰਤੀਨਿਧੀ ਜਾਂ ਕਿਸੇ ਹੋਰ ਅਫ਼ਸਰ ਨਾਲ ਗੱਲ ਕਰੋ।





# ਵਕੀਲ, ਤੁਹਾਡੇ ਪ੍ਰਤੀਨਿਧੀ ਨਾਲ ਮਿਲ ਕੇ, ਤੁਹਾਡੀ ਮਦਦ ਕਰ ਸਕਦਾ ਹੈ:



ਅਥਾਰਿਟੀਆਂ ਨਾਲ ਇੰਟਰਵਿਊ ਲਈ ਤਿਆਰੀ ਕਰੋ।



ਅਸਾਇਲਮ ਅਥਾਰਿਟੀਆਂ ਨਾਲ ਗੱਲ ਕਰੋ



ਤੁਹਾਡੀ ਅਸਾਇਲਮ ਅਰਜ਼ੀ ਅਤੇ ਅਪੀਲ 'ਤੇ ਫ਼ੈਸਲੇ ਨੂੰ ਸਮਝੋ, ਜੇਕਰ ਤੁਸੀਂ ਜਾਂ ਤੁਹਾਡਾ ਪ੍ਰਤੀਨਿਧੀ ਫੈਸਲੇ ਨਾਲ ਸਹਿਮਤ ਨਹੀਂ ਹੋ।



ਤੁਸੀਂ ਆਪਣੀ ਅਸਾਇਲਮ ਪ੍ਰਕਿਰਿਆ ਦੌਰਾਨ ਕਿਸੇ ਵੀ ਸਮੇਂ UNHCR ਨਾਲ ਵੀ ਸੰਪਰਕ ਕਰ ਸਕਦੇ ਹੋ।

UNHCR ਅਸਾਇਲਮ ਮੰਗਣ ਵਾਲਿਆਂ ਅਤੇ ਸ਼ਰਣਾਰਥੀਆਂ ਦੀ ਮਦਦ ਅਤੇ ਰੱਖਿਆ ਕਰਦਾ ਹੈ।

UNHCR ਲਈ ਕੰਮ ਕਰਨ ਵਾਲੇ ਲੋਕ ਸ਼ਰਣ ਮੰਗਣ ਵਾਲਿਆਂ ਨੂੰ ਜਾਣਕਾਰੀ ਅਤੇ ਸਹਾਇਤਾ ਪ੍ਰਦਾਨ ਕਰਦੇ ਹਨ। ਤੁਸੀਂ https://help.unhcr.org/ 'ਤੇ ਹੋਰ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ।



UNHCR
The UN Refugee Agency

# ਜੇਕਰ ਮੈਂ ਠੀਕ ਮਹਿਸੂਸ ਨਹੀਂ ਕਰਦਾ ਹਾਂ ਜਾਂ ਜੇ ਮੈਂ ਅਕਸਰ ਚਿੰਤਾ ਕਰਦਾ ਹਾਂ ਤਾਂ ਮੈਂ ਕਿਵੇਂ ਮਦਦ ਪ੍ਰਾਪਤ ਕਰ ਸਕਦਾ ਹਾਂ?





ਆਪਣੇ ਪ੍ਰਤੀਨਿਧੀ, ਕਿਸੇ ਅਥਾਰਿਟੀਆਂ ਜਾਂ ਉਸ ਜਗ੍ਹਾ 'ਤੇ ਕੰਮ ਕਰਨ ਵਾਲੇ ਸਟਾਫ ਨੂੰ ਦੱਸੋ ਜਿੱਥੇ ਤੁਸੀਂ ਰਹਿ ਰਹੇ ਹੋ ਜੇਕਰ:




- ਕਿਸੇ ਨੇ ਤੁਹਾਨੂੰ ਦੁੱਖ ਪਹੁੰਚਾਇਆ ਹੈ
- ਤੁਸੀਂ ਉਦਾਸ, ਗੁੱਸੇ, ਡਰ ਮਹਿਸੂਸ ਕਰਦੇ ਹੋ ਜਾਂ ਤੁਹਾਨੂੰ ਸੌਣ ਵਿੱਚ ਮੁਸ਼ਕਲ ਆਉਂਦੀ ਹੈ
- ਤੁਹਾਨੂੰ ਕੋਈ ਹੋਰ ਮੁਸ਼ਕਲਾਂ ਹਨ ਜਿਵੇਂ ਕਿ ਅਪੰਗਤਾ ਜਾਂ ਬਿਮਾਰੀ ਜਾਂ ਜੇਕਰ ਤੁਸੀਂ ਗਰਭਵਤੀ ਹੋ

ਅਜਿਹੇ ਮਾਮਲਿਆਂ ਵਿੱਚ, ਤੁਹਾਡੀ ਮਦਦ ਕੀਤੀ ਜਾਵੇਗੀ

# ਕੀ ਮੇਰੀ ਕੋਈ ਜ਼ਿੰਮੇਵਾਰੀ ਹੈ?





## ਹਾਂ

**ਤੁਹਾਨੂੰ ਇਸ ਦੇਸ਼ ਦੇ ਕਾਨੂੰਨਾਂ ਅਤੇ ਨਿਯਮਾਂ ਦੀ ਪਾਲਣਾ ਕਰਨੀ ਚਾਹੀਦੀ ਹੈ।**

ਜੇਕਰ ਤੁਹਾਨੂੰ ਨਿਯਮਾਂ ਜਾਂ ਕਾਨੂੰਨਾਂ ਬਾਰੇ ਸ਼ੱਕ ਹੈ, ਤਾਂ ਆਪਣੇ ਪ੍ਰਤੀਨਿਧੀ ਨੂੰ ਪੁੱਛੋ।




**ਤੁਹਾਨੂੰ ਉਸ ਜਗ੍ਹਾ 'ਤੇ ਰਹਿਣਾ ਚਾਹੀਦਾ ਹੈ ਜਿੱਥੇ ਤੁਹਾਡੇ ਪ੍ਰਤੀਨਿਧੀ ਨੇ ਤੁਹਾਨੂੰ ਰਹਿਣ ਲਈ ਕਿਹਾ ਸੀ।**

ਅਥਾਰਿਟੀਆਂ ਨੇ ਤੁਹਾਡੇ ਲਈ ਜਗ੍ਹਾ ਚੁਣੀ ਹੈ। ਅਥਾਰਿਟੀਆਂ ਦੀ ਇਜਾਜ਼ਤ ਤੋਂ ਬਿਨਾਂ ਉਸ ਜਗ੍ਹਾ ਤੋਂ ਨਾ ਭੱਜੋ ਜਾਂ ਨਾ ਛੱਡੋ ਆਇਰਲੈਂਡ।



**ਤੁਹਾਨੂੰ ਅਥਾਰਿਟੀਆਂ ਨਾਲ ਮਿਲ ਕੇ ਕੰਮ ਕਰਨਾ ਚਾਹੀਦਾ ਹੈ।**

ਜਦੋਂ ਬੇਨਤੀ ਕੀਤੀ ਜਾਵੇ, ਤਾਂ ਤੁਹਾਨੂੰ ਉਨ੍ਹਾਂ ਦੇ ਸਵਾਲਾਂ ਦੇ ਜਵਾਬ ਦੇਣੇ ਚਾਹੀਦੇ ਹਨ ਅਤੇ ਉਨ੍ਹਾਂ ਦੀਆਂ ਹਦਾਇਤਾਂ ਦੀ ਪਾਲਣਾ ਕਰਨੀ ਚਾਹੀਦੀ ਹੈ।



**ਇਮਾਨਦਾਰ ਬਣੋ ਅਤੇ ਅਥਾਰਿਟੀਆਂ ਨੂੰ ਉਹ ਸਭ ਕੁਝ ਦੱਸੋ ਜੋ ਤੁਸੀਂ ਜਾਣਦੇ ਹੋ ਜਦੋਂ ਉਹ ਤੁਹਾਨੂੰ ਸਵਾਲ ਪੁੱਛਦੇ ਹਨ।**

ਤੁਹਾਡੀ ਅਰਜ਼ੀ ਲਈ ਤੁਸੀਂ ਜੋ ਕਹਿੰਦੇ ਹੋ ਉਹ ਬਹੁਤ ਮਹੱਤਵਪੂਰਨ ਹੈ।

ਤੁਹਾਨੂੰ ਸਭ ਕੁਝ ਯਾਦ ਨਹੀਂ ਹੋ ਸਕਦਾ ਅਤੇ ਤੁਸੀਂ ਸਾਰੇ ਸਵਾਲਾਂ ਦੇ ਜਵਾਬ ਨਹੀਂ ਦੇ ਸਕਦੇ ਹੋ। ਜੇਕਰ ਤੁਹਾਨੂੰ ਯਾਦ ਨਹੀਂ ਹੈ, ਤਾਂ ਕੋਈ ਜਵਾਬ ਨਾ ਬਣਾਓ, ਪਰ ਇਹ ਸਮਝਾਓ ਕਿ ਤੁਹਾਨੂੰ ਯਾਦ ਨਹੀਂ ਹੈ।

**ਤੁਹਾਨੂੰ ਅਥਾਰਿਟੀਆਂ ਨਾਲ ਸਾਰੀਆਂ ਮੁਲਾਕਾਤਾਂ ਵਿੱਚ ਸ਼ਾਮਲ ਹੋਣਾ ਚਾਹੀਦਾ ਹੈ।**

ਇਹ ਮੁਲਾਕਾਤਾਂ ਬਹੁਤ ਮਹੱਤਵਪੂਰਨ ਹਨ। ਤੁਹਾਨੂੰ ਦਿੱਤੇ ਗਏ ਦਿਨ ਅਤੇ ਸਮੇਂ 'ਤੇ ਹਾਜ਼ਰ ਹੋਣਾ ਚਾਹੀਦਾ ਹੈ।







**ਤੁਹਾਨੂੰ ਸਹੀ ਸੰਪਰਕ ਵੇਰਵੇ ਪ੍ਰਦਾਨ ਕਰਨੇ ਚਾਹੀਦੇ ਹਨ।**

ਇਹ ਯਕੀਨੀ ਬਣਾਉਣ ਲਈ ਕਿ ਤੁਹਾਨੂੰ ਸਾਰੀ ਜਾਣਕਾਰੀ ਅਤੇ ਮੁਲਾਕਾਤਾਂ ਪ੍ਰਾਪਤ ਹੋਣ, ਤੁਹਾਨੂੰ ਅਥਾਰਿਟੀਆਂ ਨੂੰ ਇੱਕ ਪਤਾ ਜਾਂ ਫ਼ੋਨ ਨੰਬਰ ਦੇਣਾ ਚਾਹੀਦਾ ਹੈ। ਪ੍ਰਤੀਨਿਧੀ ਨੂੰ ਵੀ ਇਹ ਜਾਣਕਾਰੀ ਪ੍ਰਦਾਨ ਕੀਤੀ ਜਾਵੇਗੀ ਅਤੇ ਉਹ ਤੁਹਾਨੂੰ ਤੁਹਾਡੀਆਂ ਮੁਲਾਕਾਤਾਂ ਦੀ ਯਾਦ ਦਿਵਾ ਸਕਦਾ ਹੈ। ਜੇਕਰ ਤੁਹਾਡੇ ਸੰਪਰਕ ਵੇਰਵੇ ਬਦਲ ਜਾਂਦੇ ਹਨ, ਤਾਂ ਆਪਣੇ ਪ੍ਰਤੀਨਿਧੀ ਅਤੇ ਅਸਾਇਲਮ ਅਥਾਰਿਟੀਆਂ ਦੇ ਸਟਾਫ ਨੂੰ ਦੱਸੋ। ਇਹ ਮਹੱਤਵਪੂਰਨ ਹੈ ਕਿ ਉਹ ਤੁਹਾਡੇ ਤੱਕ ਪਹੁੰਚ ਸਕਣ।



**ਤੁਹਾਨੂੰ ਅਥਾਰਿਟੀਆਂ ਨੂੰ ਆਪਣੇ ਕੋਲ ਮੌਜੂਦ ਸਾਰੇ ਦਸਤਾਵੇਜ਼ ਦੇਣੇ ਚਾਹੀਦੇ ਹਨ।**

ਉਨ੍ਹਾਂ ਨੂੰ ਉਹ ਸਾਰੇ ਦਸਤਾਵੇਜ਼ ਦਿਓ ਜੋ ਤੁਹਾਡੇ ਨਾਲ ਸਬੰਧਤ ਹਨ ਅਤੇ ਉਹ ਕਾਰਨ ਜਿਨ੍ਹਾਂ ਲਈ ਤੁਸੀਂ ਆਪਣਾ ਦੇਸ਼ ਛੱਡਿਆ ਸੀ। ਇਸ ਵਿੱਚ ਪਛਾਣ ਦਸਤਾਵੇਜ਼ (ਪਾਸਪੋਰਟ), ਜਨਮ ਜਾਂ ਸਕੂਲ ਸਰਟੀਫਿਕੇਟ, ਮੈਡੀਕਲ ਦਸਤਾਵੇਜ਼ ਜਾਂ ਹੋਰ ਦਸਤਾਵੇਜ਼ ਸ਼ਾਮਲ ਹਨ।

ਤੁਹਾਨੂੰ ਜਿੰਨੀ ਜਲਦੀ ਹੋ ਸਕੇ ਸਾਰੀ ਜਾਣਕਾਰੀ ਅਤੇ ਦਸਤਾਵੇਜ਼ ਜਮ੍ਹਾ ਕਰਨਾ ਜਰੂਰੀ ਹੈ।

ਜੇਕਰ ਤੁਹਾਡੇ ਕੋਲ ਇਸ ਸਮੇਂ ਦਸਤਾਵੇਜ਼ ਨਹੀਂ ਹਨ, ਤਾਂ ਤੁਸੀਂ ਬਾਅਦ ਵਿੱਚ ਉਹਨਾਂ ਨੂੰ ਪ੍ਰਦਾਨ ਕਰ ਸਕਦੇ ਹੋ। ਆਪਣੇ ਪ੍ਰਤੀਨਿਧੀ ਨਾਲ ਗੱਲ ਕਰੋ। ਤੁਹਾਡਾ ਪ੍ਰਤੀਨਿਧੀ ਉਹਨਾਂ ਦਸਤਾਵੇਜ਼ਾਂ ਨੂੰ ਪ੍ਰਾਪਤ ਕਰਨ ਅਤੇ ਅਥਾਰਿਟੀਆਂ ਨਾਲ ਸਮੇਂ ਸਿਰ ਸਾਂਝਾ ਕਰਨ ਵਿੱਚ ਤੁਹਾਡੀ ਮਦਦ ਕਰਨ ਦੇ ਯੋਗ ਹੋ ਸਕਦਾ ਹੈ।

**ਜੇਕਰ ਤੁਸੀਂ ਆਪਣੀਆਂ ਜ਼ਿੰਮੇਵਾਰੀਆਂ ਪੂਰੀਆਂ ਨਹੀਂ ਕਰ ਸਕਦੇ, ਤਾਂ ਆਪਣੇ ਪ੍ਰਤੀਨਿਧੀ ਅਤੇ ਅਸਾਇਲਮ ਦਫ਼ਤਰ ਦੇ ਸਟਾਫ ਨੂੰ ਤੁਰੰਤ ਦੱਸੋ ਅਤੇ ਕਾਰਨ ਦੱਸੋ।**



# ਜੇਕਰ ਮੈਂ ਆਪਣੀਆਂ ਜ਼ਿੰਮੇਵਾਰੀਆਂ ਪੂਰੀਆਂ ਨਹੀਂ ਕਰਦਾ ਤਾਂ ਕੀ ਹੁੰਦਾ ਹੈ?



ਜੇਕਰ ਤੁਸੀਂ ਆਪਣੀਆਂ ਜ਼ਿੰਮੇਵਾਰੀਆਂ ਪੂਰੀਆਂ ਨਹੀਂ ਕਰਦੇ, ਤਾਂ ਤੁਹਾਡੀ ਅਰਜ਼ੀ 'ਤੇ ਨਕਾਰਾਤਮਕ ਪ੍ਰਭਾਵ ਪੈ ਸਕਦਾ ਹੈ।

ਤੁਸੀਂ ਕੁਝ ਅਧਿਕਾਰ ਅਤੇ ਸਹਾਇਤਾ ਸੇਵਾਵਾਂ ਗੁਆ ਸਕਦੇ ਹੋ ਜੋ ਮੈਂ ਸਮਝਾਈਆਂ ਹਨ ।



**ਜੇਕਰ ਤੁਸੀਂ ਆਪਣੀਆਂ ਜ਼ਿੰਮੇਵਾਰੀਆਂ ਪੂਰੀਆਂ ਨਹੀਂ ਕਰਦੇ ਤਾਂ ਤੁਹਾਡੀ ਅਸਾਇਲਮ ਪ੍ਰਕਿਰਿਆ ਨੂੰ ਰੋਕਿਆ ਜਾਂ ਰੱਦ ਕੀਤਾ ਜਾ ਸਕਦਾ ਹੈ, ਉਦਾਹਰਨ ਲਈ ਜੇਕਰ:**

- ਤੁਸੀਂ ਅਥਾਰਿਟੀਆਂ ਦੇ ਸਵਾਲਾਂ ਦੇ ਜਵਾਬ ਨਹੀਂ ਦਿੰਦੇ, ਜਾਂ
- ਤੁਸੀਂ ਉਨ੍ਹਾਂ ਨੂੰ ਆਪਣੇ ਫਿੰਗਰਪ੍ਰਿੰਟ ਲੈਣ ਦੀ ਇਜਾਜ਼ਤ ਨਹੀਂ ਦਿੰਦੇ, ਜਾਂ
- ਤੁਸੀਂ ਬਿਨਾਂ ਇਜਾਜ਼ਤ ਦੇ ਉਹ ਜਗ੍ਹਾ ਛੱਡ ਦਿੰਦੇ ਹੋ ਜਿੱਥੇ ਤੁਸੀਂ ਰਹਿ ਰਹੇ ਹੋ।

ਅਜਿਹੇ ਮਾਮਲਿਆਂ ਵਿੱਚ, ਅਥਾਰਿਟੀਆਂ ਸੋਚਣਗੇ ਕਿ ਤੁਸੀਂ ਆਪਣੀ ਅਰਜ਼ੀ ਪ੍ਰਤੀ ਗੰਭੀਰ ਨਹੀਂ ਹੋ। ਤੁਸੀਂ ਬਿਨੈਕਾਰ ਬਣਨਾ ਬੰਦ ਕਰ ਦਿਓਗੇ ਅਤੇ ਪ੍ਰਦਾਨ ਕੀਤੀ ਗਈ ਸਾਰੀ ਸਹਾਇਤਾ ਗੁਆ ਦੇਵੋਗੇ ।





ਜੇ ਤੁਸੀਂ ਅਥਾਰਿਟੀਆਂ ਨੂੰ ਆਪਣੇ ਬਾਰੇ ਜਾਂ ਆਪਣੀ ਕਹਾਣੀ ਬਾਰੇ ਸੱਚ ਨਹੀਂ ਦੱਸਦੇ ਜਾਂ ਜੇਕਰ ਤੁਸੀਂ ਮਹੱਤਵਪੂਰਨ ਜਾਣਕਾਰੀ ਲੁਕਾਉਂਦੇ ਹੋ ਜਾਂ ਜਾੱਣਬੁੱਝ ਕੇ ਆਪਣੇ ਦਸਤਾਵੇਜ਼ਾਂ ਨੂੰ ਨਸ਼ਟ ਕਰਦੇ ਹੋ, ਤਾਂ ਤੁਹਾਡੀ ਅਰਜ਼ੀ ਰੱਦ ਕੀਤੀ ਜਾ ਸਕਦੀ ਹੈ ਅਤੇ ਤੁਹਾਨੂੰ ਅਸਾਇਲਮ ਨਹੀਂ ਦਿੱਤੀ ਜਾ ਸਕਦੀ।

ਜੇਕਰ ਅਥਾਰਿਟੀਆਂ ਨੂੰ ਬਾਅਦ ਵਿੱਚ ਪਤਾ ਲੱਗਦਾ ਹੈ ਕਿ ਤੁਸੀਂ ਅਸਾਇਲਮ ਪ੍ਰਕਿਰਿਆ ਦੌਰਾਨ ਸੱਚ ਨਹੀਂ ਦੱਸਿਆ, ਤਾਂ ਅਸਾਇਲਮ ਤੁਹਾਡੇ ਤੋਂ ਖੋਹੀ ਜਾ ਸਕਦੀ ਹੈ।





ਮੈਂ ਤੁਹਾਨੂੰ ਸਭ ਤੋਂ ਮਹੱਤਵਪੂਰਨ ਗੱਲਾਂ ਸਮਝਾਈਆਂ ਜੋ ਤੁਹਾਨੂੰ ਜਾਣਨ ਦੀ ਜ਼ਰੂਰਤ ਹੈ। ਤੁਹਾਡਾ ਪ੍ਰਤੀਨਿਧੀ ਅਤੇ ਅਥਾਰਿਟੀਆਂ ਤੁਹਾਨੂੰ ਅਸਾਇਲਮ ਪ੍ਰਕਿਰਿਆ ਦੌਰਾਨ ਹੋਰ ਸਪੱਸ਼ਟੀਕਰਨ ਪ੍ਰਦਾੱਨ ਕਰਨਗੇ।





**ਯਾਦ ਰੱਖੋ!**

**ਅਸਾਇਲਮ ਲਈ ਅਰਜ਼ੀ ਦੇਣਾ ਮੁਫ਼ਤ ਹੈ।**





# ਸਾਵਧਾਨ ਰਹੋ

ਅਹਿਸਾਨ ਜਾਂ ਪੈਸੇ ਦੇ ਬਦਲੇ ਮਦਦ ਦੀ ਪੇਸ਼ਕਸ਼ ਕਰਨ ਵਾਲੇ ਲੋਕਾਂ ਤੋਂ ਸਾਵਧਾਨ ਰਹੋ। ਉਨ੍ਹਾਂ ਦੇ ਇਰਾਦੇ ਮਾੜੇ ਹੋ ਸਕਦੇ ਹਨ।



ਕੋਈ ਤੁਹਾਨੂੰ ਉੱਥੇ ਤੋਂ ਜਾਣ ਦੀ ਕੋਸ਼ਿਸ਼ ਕਰਨ ਲਈ ਉਤਸ਼ਾਹਿਤ ਕਰ ਸਕਦਾ ਹੈ। ਪਰ ਯਾਦ ਰੱਖੋ ਕਿ ਤੁਹਾਨੂੰ ਨਹੀਂ ਜਾਣਾ ਚਾਹੀਦਾ, ਕਿਉਂਕਿ ਇਹ ਤੁਹਾਡੇ ਲਈ ਖ਼ਤਰਨਾਕ ਹੋ ਸਕਦਾ ਹੈ।





ਜੇਕਰ ਕੋਈ ਤੁਹਾਨੂੰ ਕੁਝ ਅਜਿਹਾ ਕਰਨ ਲਈ ਮਨਾਉਣ ਦੀ ਕੋਸ਼ਿਸ਼ ਕਰ ਰਿਹਾ ਹੈ ਜੋ ਤੁਸੀਂ ਨਹੀਂ ਚਾਹੁੰਦੇ ਜਾਂ ਕੁਝ ਅਜਿਹਾ ਗਲਤ ਹੁੰਦਾ ਹੈ ਤਾਂ ਤੁਰੰਤ ਆਪਣੇ ਪ੍ਰਤੀਨਿਧੀ, ਜਾਂ ਉਸ ਜਗ੍ਹਾ 'ਤੇ ਕੰਮ ਕਰਨ ਵਾਲੇ ਪ੍ਰੌੜ੍ਹ ਵਿਅਕਤੀ ਨੂੰ ਦੱਸੋ ਜਿੱਥੇ ਤੁਸੀਂ ਰਹਿ ਰਹੇ ਹੋ।





# ਜੇਕਰ ਮੈਂ ਆਪਣੇ ਦੇਸ਼ ਵਾਪਸ ਜਾਣਾ ਚਾਹੁੰਦਾ ਹਾਂ ਅਤੇ ਆਪਣੀ ਅਰਜ਼ੀ ਨੂੰ ਰੋਕਣਾ ਚਾਹੁੰਦਾ ਹਾਂ, ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?



ਜੇਕਰ ਤੁਸੀਂ ਆਪਣੇ ਦੇਸ਼ ਵਾਪਸ ਜਾਣਾ ਚਾਹੁੰਦੇ ਹੋ ਅਤੇ ਆਪਣੀ ਅਰਜ਼ੀ ਨੂੰ ਰੋਕਣਾ ਚਾਹੁੰਦੇ ਹੋ, ਤਾਂ ਆਪਣੇ ਪ੍ਰਤੀਨਿਧੀ ਅਤੇ ਅਥਾਰਿਟੀਆਂ ਨੂੰ ਦੱਸੋ। ਉਹ ਤੁਹਾਨੂੰ ਸੁਰੱਖਿਅਤ ਵਾਪਸ ਜਾਣ ਵਿੱਚ ਮਦਦ ਕਰ ਸਕਦੇ ਹਨ।



# ਜੇਕਰ ਤੁਹਾਡੇ ਕੋਲ ਮੇਰੇ ਦੁਆਰਾ ਹੁਣੇ ਦੱਸੇ ਗਏ ਬਾਰੇ ਹੋਰ ਸਵਾਲ ਹਨ, ਤਾਂ ਆਪਣੇ ਪ੍ਰਤੀਨਿਧੀ, ਅਥਾਰਿਟੀਆਂ ਜਾਂ ਉਸ ਜਗ੍ਹਾ 'ਤੇ ਕੰਮ ਕਰਨ ਵਾਲੇ ਸਟਾਫ ਤੋਂ ਪੁੱਛੋ ਜਿੱਥੇ ਤੁਸੀਂ ਰਹਿ ਰਹੇ ਹੋ।



euaa EUROPEAN UNION AGENCY FOR ASYLUM

An Roinn Dlí agus Cirt, Gnóthaí Baile agus Imirce
Department of Justice, Home Affairs and Migration

ਇਹ ਬਰੋਸ਼ਰ ਸਿਰਫ਼ ਪ੍ਰਦਾਨ ਕਰਨ ਦੇ ਉਦੇਸ਼ਾਂ ਲਈ ਹੈ। ਇਹ ਆਪਣੇ ਆਪ ਵਿੱਚ ਕੋਈ ਅਧਿਕਾਰ ਜਾਂ ਜ਼ਿੰਮੇਵਾਰੀਆਂ ਨਹੀਂ ਬਣਾਉਂਦਾ ਹੈ। ਯੂਰਪੀਅਨ ਯੂਨੀਅਨ ਏਜੰਸੀ ਫਾਰ ਅਸਾਇਲਮ (EUAA) ਨੇ ਇਸ ਸਮੱਗਰੀ ਦਾ ਮੁੱਖ ਭਾਗ ਪ੍ਰਦਾਨ ਕੀਤਾ ਹੈ, ਅਤੇ ਇਸ ਬਰੋਸ਼ਰ ਦੀ ਪ੍ਰਤੀ ਬਣਾਉਣ ਅਤੇ ਸੋਧ EUAA ਦੁਆਰਾ ਸਿਰਫ਼ EU ਮੈਂਬਰ ਰਾਜਾਂ ਲਈ ਅਧਿਕਾਰਤ ਹੈ। EUAA ਇਸ ਬਰੋਸ਼ਰ ਵਿੱਚ ਸ਼ਾਮਲ ਜਾਣਕਾਰੀ ਦੀ ਸ਼ੁੱਧਤਾ, ਸਮੱਗਰੀ, ਸੰਪੂਰਨਤਾ, ਕਾਨੂੰਨੀਤਾ ਜਾਂ ਭਰੋਸੇਯੋਗਤਾ ਲਈ EU ਮੈਂਬਰ ਰਾਜਾਂ ਜਾਂ ਕਿਸੇ ਹੋਰ ਜ਼ਿੰਮੇਵਾਰ ਤੀਜੀ ਧਿਰ ਦੁਆਰਾ ਕੋਈ ਜ਼ਿੰਮੇਵਾਰੀ ਜਾਂ ਦੇਣਦਾਰੀ ਸਵੀਕਾਰ ਨਹੀਂ ਕਰਦਾ ਹੈ। ਇਸ ਬਰੋਸ਼ਰ ਵਿੱਚ ਦਿੱਤੀ ਗਈ ਜਾਣਕਾਰੀ ਦੀ ਵਰਤੋਂ ਲਈ ਨਾ ਤਾਂ EUAA ਅਤੇ ਨਾ ਹੀ EUAA ਵੱਲੋਂ ਕੰਮ ਕਰਨ ਵਾਲਾ ਕੋਈ ਵੀ ਵਿਅਕਤੀ ਜ਼ਿੰਮੇਵਾਰ ਹੈ।

© ਯੂਰਪੀਅਨ ਯੂਨੀਅਨ ਏਜੰਸੀ ਫਾਰ ਅਸਾਇਲਮ, 2025